**NATIONAL HEALTH MISSION**
GOVERNMENT OF PUNJAB
DEPARTMENT OF HEALTH & FAMILY WELFARE
**5th floor, Prayaas Building, Sector 38-B, Chandigarh**

No. 0172-4012011-12 Fax: 0172-4012013

**No: NHM/PB/CP&P/2016/**018671 **Date:-** 04/02/2016

ਵੱਲ

ਡਾਇਰੈਕਟਰ
ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ, ਮੋਹਾਲੀ
ਪੰਜਾਬ।

ਵਿਸ਼ਾ:- **ਸਰਕਾਰੀ ਹਸਪਤਾਲਾਂ ਵਿਚ ਐਮਰਜੈਂਸੀ ਵਿਚ ਆਏ ਮਰੀਜਾਂ ਨੂੰ ਪਹਿਲੇ 24 ਘੰਟੇ ਮੁਫ਼ਤ ਇਲਾਜ ਸਬੰਧੀ ਸੇਧ ਦੇਣ ਬਾਰੇ।**

ਹਵਾਲਾ:- ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ ਆਪ ਜੀ ਦੇ ਵੱਲੋਂ ਭੇਜੇ ਗਏ ਡਿਪਟੀ ਮੈਡੀਕਲ ਕਮਿਸ਼ਨਰ ਬਠਿੰਡਾ ਦਫ਼ਤਰ ਦੇ ਪੱਤਰ ਡੀ.ਐਮ.ਸੀ/ਬਠਿੰਡਾ/2016/225, ਮਿਤੀ: 22/01/2016 ਦੇ ਸਬੰਧ ਵਿੱਚ **(ਕਾਪੀ ਨੱਥੀ ਹੈ)**।

ਉੱਚ ਅਧਿਕਾਰੀਆਂ ਦੇ ਨਿਰਦੇਸ਼ਾ ਅਨੁਸਾਰ ਐਮਰਜੈਂਸੀ ਵਿੱਚ ਆਏ ਮਰੀਜਾਂ ਨੂੰ ਪਹਿਲੇ 24 ਘੰਟੇ ਮੁਫ਼ਤ ਇਲਾਜ ਦੇਣ ਦੀ ਪ੍ਰੋਵਿਜ਼ਨ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਹੈ ਜੀ।

ਇਸ ਲਈ ਆਪ ਜੀ ਨੂੰ ਬੇਨਤੀ ਹੈ ਕਿ ਉਕੱਤ ਸਬੰਧ ਵਿੱਚ ਹਦਾਇਤਾਂ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ ਜੀ।

ਡਾਇਰੈਕਟਰ
ਐਨ.ਐਚ.ਐਮ,ਪੰਜਾਬ।

ਉਤਾਰਾ:-

1. ਪੀ.ਏ/ਮਿਸ਼ਨ ਡਾਇਰੈਕਟਰ-ਐਨ.ਐਚ.ਐਮ,ਪੰਜਾਬ ਨੂੰ ਮਿਸ਼ਨ ਡਾਇਰੈਕਟਰ ਜੀ ਦੀ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ ਜੀ।

# ਪੰਜਾਬ ਹੈਲਥ ਸਿਸਟਮਜ ਕਾਰਪੋਰੇਸ਼ਨ

ਸਿਵਲ ਹਸਪਤਾਲ ਕੰਪਲੈਕਸ , ਬਠਿੰਡਾ ।

ਡੀ.ਐਮ.ਸੀ/ਬਠਿੰਡਾ/2016/ 2252 ਮਿਤੀ 22-1-16

ਸੇਵਾ ਵਿਖੇ,

ਮੈਨੇਜਿੰਗ ਡਾਇਰੈਕਟਰ,
ਪੀ.ਐਚ.ਐਸ.ਸੀ.ਮੋਹਾਲੀ।

ਵਿਸ਼ਾ : ਸਰਕਾਰੀ ਹਸਪਤਾਲਾਂ ਵਿਚ ਐਮਰਜੈਂਸੀ ਵਿਚ ਆਏ ਮਰੀਜਾਂ ਨੂੰ ਪਹਿਲੇ 24 ਘੰਟੇ ਮੁਫਤ ਇਲਾਜ ਸਬੰਧੀ ਸੇਧ ਦੇਣ ਬਾਰੇ।

ਉਪਰੋਕਤ ਵਿਸ਼ੇ ਅਤੇ ਹਵਾਲਾ ਆਪ ਜੀ ਦੇ ਪੱਤਰ ਨੰ. ਪੀ.ਐਚ.ਐਸ.ਸ਼ੀ./ਡਾ/15/1812-1857 ਮਿਤੀ 31.12.2015 ਦੇ ਸਬੰਧ ਵਿਚ ਬੇਨਤੀ ਹੈ ਕਿ ਹਵਾਲਾ ਪੱਤਰ ਵਿਚ ਐਮਰਜੈਂਸੀ ਵਿਚ ਆਏ ਮਰੀਜਾਂ ਨੂੰ ਪਹਿਲੇ 24 ਘੰਟੇ ਮੁਫਤ ਇਲਾਜ ਦੇਣ ਬਾਰੇ ਸਿਰਫ ਜਿਲਾ ਹਸਪਤਾਲਾਂ ਅਤੇ ਐਸ.ਡੀ.ਐਚ. ਹਸਪਤਾਲਾਂ ਬਾਰੇ ਹੀ ਲਿਖਿਆ ਹੈ।

ਸੀਨੀਅਰ ਮੈਡੀਕਲ ਅਫਸਰ, ਇ. ਸੀ.ਐਚ.ਸੀ., ਗੋਨਿਆਣਾ ਨੇ ਆਪਣੇ ਪੱਤਰ ਨੰ. 169 ਮਿਤੀ 22.11.2016 ਰਾਹੀਂ ਸੇਧ ਮੰਗੀ ਹੈ ਕਿ ਸੀ.ਐਚ.ਸੀਜ ਵਿਚ ਉਪਰੋਕਤ ਅਨੁਸਾਰ ਐਮਰਜੈਂਸੀ ਵਿਚ ਆਏ ਮਰੀਜਾਂ ਨੂੰ ਪਹਿਲੇ 24 ਘੰਟੇ ਮੁਫਤ ਇਲਾਜ ਦੇਣਾ ਹੈ ਜਾਂ ਨਹੀਂ ?

ਸੋ ਕਿਰਪਾ ਕਰਕੇ ਸੇਧ ਦਿੱਤੀ ਜਾਵੇ ਕਿ ਜਿਲੇ ਦੇ ਸੀ.ਐਚ.ਸੀਜ ਵਿਚ ਉਪਰੋਕਤ ਅਨੁਸਾਰ ਐਮਰਜੈਂਸੀ ਵਿਚ ਆਏ ਮਰੀਜਾਂ ਨੂੰ ਪਹਿਲੇ 24 ਘੰਟੇ ਮੁਫਤ ਇਲਾਜ ਦੇਣਾ ਹੈ ਜਾਂ ਨਹੀਂ ?ਕਿਉਂਕਿ ਉਪਰੋਕਤ ਪੱਤਰ ਵਿਚ ਸੀ.ਐਚ.ਸੀਜ ਵਿਚ ਮੁਫਤ ਇਲਾਜ ਬਾਰੇ ਸਪੱਸ਼ਟ ਨਹੀਂ ਕੀਤਾ ਗਿਆ ਹੈ।

ਡਿਪਟੀ ਮੈਡੀਕਲ ਕਮਿਸ਼ਨਰ
ਪੰਜਾਬ ਹੈਲਥ ਸਿਸਟਮਜ ਕਾਰਪੋਰੇਸ਼ਨ
ਬਠਿੰਡਾ

ਨੰ. ਮਿਤੀ

ਉਤਾਰਾ:- ਐਸ.ਐਮ.ਓ. ,ਇ. ਸੀ.ਐਚ.ਸੀ.,ਗੋਨਿਆਣਾ ਨੂੰ ਉਹਨਾਂ ਦੇ ਪੱਤਰ ਨੰ. 169 ਮਿਤੀ 22.01.2016 ਦੇ ਸਬੰਧ ਵਿਚ ਸੂਚਨਾ ਹਿੱਤ।

ਡਿਪਟੀ ਮੈਡੀਕਲ ਕਮਿਸ਼ਨਰ
ਪੰਜਾਬ ਹੈਲਥ ਸਿਸਟਮਜ ਕਾਰਪੋਰੇਸ਼ਨ
ਬਠਿੰਡਾ